THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ: ਪੀਐਸਬੀ/ਆਈਟੀ/2017/ 329 ਮਿਤੀ: 7.3.17

ਵੱਲ,

ਪ੍ਰਿੰਸੀਪਲ,
ਸਮੂਹ ਸਰਕਾਰੀ ਆਈ.ਟੀ.ਆਈ ਸੰਸਥਾਵਾਂ,
(ਸੀ.ਓ.ਈ ਸਕੀਮ ਅਧੀਨ )

ਵਿਸ਼ਾ: ਸੈਂਟਰ ਆਫ ਐਕਸੀਲੈਂਸ ਸਕੀਮ (COE) ਅਧੀਨ ਮਾਰਚ 2017 ਦੌਰਾਨ ਕਰਵਾਈ ਜਾਣ ਵਾਲੀ ਪ੍ਰੀਖਿਆ ਲਈ ਪ੍ਰੀਖਿਆਰਥੀਆਂ ਦੇ ਏ.ਪੀ.ਐਫ ਅਤੇ ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਸਬੰਧੀ।

ਡੀ.ਜੀ.ਟੀ ਨਵੀਂ ਦਿੱਲੀ ਦੇ ਪੱਤਰ ਨੰ: DGT-18011/3/2017-TTC ਮਿਤੀ 30/31-01-2017 ਦਾ ਹਵਾਲਾ ਦਿੰਦੇ ਹੋਏ ਦੱਸਿਆ ਜਾਂਦਾ ਹੈ ਕਿ ਸੈਂਟਰ ਆਫ ਐਕਸੀਲੈਂਸ ਸਕੀਮ ਅਧੀਨ ਆਲ ਇੰਡੀਆ ਟਰੇਡ ਟੈਸਟ ਆਫ ਕਰਾਫਟਸਮੈਨ (Broad Based Basic Training of One Year Duration and Advance Modules of six months duration) ਮਾਰਚ-2017 ਪ੍ਰੀਖਿਆਵਾਂ ਕਰਵਾਉਣ ਲਈ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ, ਜਿਸ ਦੀ ਸੂਚਨਾ ਸਬੰਧਤ ਸੰਸਥਾਵਾਂ ਨੂੰ ਈਮੇਲ ਰਾਂਹੀ ਅਤੇ ਬੋਰਡ ਦਫਤਰ ਦੀ ਵੈਬਸਾਈਟ ਤੇ ਅਪਲੋਡ ਕਰਕੇ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਇਹ ਪ੍ਰੀਖਿਆ ਕਰਵਾਉਣ ਲਈ ਪ੍ਰੀਖਿਆ ਕੇਂਦਰ ਉਸੇ ਸੰਸਥਾ ਵਿੱਚ ਹੋਵੇਗਾ ਜਿਸ ਸੰਸਥਾ ਵਿੱਚ ਸੀ.ਓ.ਈ ਸਕੀਮ ਅਧੀਨ ਦਾਖਲਾ ਹੋਇਆ ਹੈ।

ਇਸ ਦਫਤਰ ਵੱਲੋਂ ਸੀ.ਓ.ਈ ਸਕੀਮ ਅਧੀਨ ਸੰਸਥਾਵਾਂ ਵਿੱਚ ਵੱਖ ਵੱਖ ਕੋਰਸਾਂ ਅਧੀਨ ਦਾਖਲ ਹੋਏ ਸਿਖਿਆਰਥੀਆਂ ਦੀ ਡੀਟੇਲ ਭੇਜਣ ਲਈ ਹੇਠ ਲਿਖੇ ਪ੍ਰਫਾਰਮੇ ਬੋਰਡ ਦੀ ਵੈਬਸਾਈਟ (www.punjabteched.com) ਤੇ ਅਪਲੋਡ ਕਰ ਦਿੱਤੇ ਗਏ ਹਨ:-

1. **ਐਕਸਲ ਫਾਈਲ (Excel File)**
2. **ਬੈਂਕ ਫੀਸ ਸਲਿੱਪ**
3. **Consolidated Statement Showing Number of Candidates and Examination Fees Deposited- ਬਿਨ੍ਹਾਂ ਲੇਟ ਫੀਸ ਅਤੇ ਲੇਟ ਫੀਸ ਨਾਲ**

ਉਪਰੋਕਤ ਪ੍ਰਫਾਰਮੇ ਭਰਨ ਲਈ ਹੇਠ ਅਨੁਸਾਰ ਕਾਰਵਾਈ ਕੀਤੀ ਜਾਵੇ:-

- ਐਕਸਲ ਫਾਇਲ ਵਿੱਚ ਦਰਸਾਏ ਆਪ ਦੀ ਸੰਸਥਾ ਦੇ ਸਿਖਿਆਰਥੀ ਜੋ ਇਮਤਿਹਾਨ ਵਿੱਚ ਅਪੀਅਰ ਹੋਣ ਲਈ ਨਿਰਧਾਰਿਤ ਯੋਗਤਾਵਾਂ ਪੂਰੀਆਂ ਕਰਦੇ ਹੋਣ ਦੇ ਨਾਮ ਅੱਗੇ ਆਖਰੀ ਖਾਨੇ ਵਿੱਚ ਟਿੱਕ ਮਾਰਕ ਕੀਤੀ ਜਾਵੇ।
- ਬੈਂਕ ਫੀਸ ਸਲਿੱਪ ਅਤੇ Consolidated Statement Format ਦਾ ਪ੍ਰਿੰਟ ਆਊਟ ਲਿਆ ਜਾਵੇ ਅਤੇ ਐਕਸਲ ਫਾਈਲ ਵਿੱਚ ਟਿੱਕ ਮਾਰਕ ਕੀਤੇ ਯੋਗ ਸਿਖਿਆਰਥੀਆਂ ਦੀ ਪ੍ਰੀਖਿਆ ਫੀਸ, ਬੈਂਕ ਫੀਸ ਸਲਿੱਪ ਅਨੁਸਾਰ ਆਪਣੇ

PTO

ਨਜਦੀਕੀ Punjab National Bank, ICICI Bank, Central bank of India ਜਾਂ IndusInd Bank ਦੀ ਕਿਸੇ ਵੀ ਬਰਾਂਚ ਵਿੱਚ ਜਮ੍ਹਾਂ ਕਰਵਾਈ ਜਾਵੇ।

- ਫੀਸ ਜਮ੍ਹਾਂ ਕਰਵਾਉਣ ਉਪਰੰਤ Consolidated Statement ਤਿਆਰ ਕਰਕੇ ਸੰਸਥਾ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਦੁਆਰਾ ਦਫਤਰੀ ਮੋਹਰ ਅਤੇ ਹਸਤਾਖਰ ਕਰਨ ਉਪਰੰਤ **ਇਸ ਦੀ ਇੱਕ ਸਕੈਨ ਕਾਪੀ, ਫੀਸ ਸਲਿੱਪ ਦੀ ਸਕੈਨ ਕਾਪੀ ਅਤੇ ਐਕਸਲ ਫਾਇਲ (Tick marked) ਬੋਰਡ ਦਫਤਰ ਦੇ ਈਮੇਲ ਅਡਰੈਸ contitipb@gmail.com** ਅਤੇ **reconciliation.fees@gmail.com** ਤੇ ਹੇਠ ਲਿਖੇ ਸ਼ਡਿਊਲ ਅਨੁਸਾਰ ਭੇਜਣੀ ਯਕੀਨੀ ਬਣਾਈ ਜਾਵੇ:-

| ਪ੍ਰੀਖਿਆ ਫੀਸ | ਬਿਨ੍ਹਾਂ ਲੇਟ ਫੀਸ ਬੈਂਕ ਵਿੱਚ ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਦਾ ਸਮਾਂ | 1000 ਰੁਪਏ ਲੇਟ ਫੀਸ ਨਾਲ ਪ੍ਰੀਖਿਆ ਫੀਸ ਜਮ੍ਹਾਂ ਕਰਵਾਉਣ ਦੀ ਮਿਤੀ | ਮੁਕੰਮਲ ਐਕਸਲ ਫਾਇਲ, **Attested Consolidated Statement** ਅਤੇ ਫੀਸ ਸਲਿੱਪ ਈਮੇਲ ਰਾਂਹੀ ਭੇਜਣ ਦੀ ਆਖਿਰੀ ਮਿਤੀ |
|---|---|---|---|
| 450/- ਪ੍ਰਤੀ ਸਿਖਿਆਰਥੀ | 08-03-2017 ਤੋਂ 10-03-2017 ਤੱਕ | 11-03-2017 ਤੋਂ 14-03-2017 ਤੱਕ | 15-03-2017 |

ਪ੍ਰੈਕਟੀਕਲ ਫੀਸ 50/- ਪ੍ਰਤੀ ਸਿਖਿਆਰਥੀ ਸੰਸਥਾ ਵੱਲੋਂ ਆਪਣੇ ਪੱਧਰ ਤੇ ਲਈ ਜਾਵੇਗੀ ਅਤੇ ਇਸ ਦੀ ਵਰਤੋਂ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਹੋਣ ਵਾਲੇ ਰਾਅ ਮਟੀਰੀਅਲ ਆਦਿ ਖਰਚੇ ਲਈ ਕੀਤੀ ਜਾਵੇਗੀ।

07/03/2017

ਡਾਇਰੈਕਟਰ ਅਕੈਡਮਿਕ/ਕੰਟਰੋਲਰ ਪ੍ਰੀਖਿਆਵਾਂ (ਆਈ.ਟੀ)
ਵਾਸਤੇ ਸਕੱਤਰ